CALIFORNIA
Water Boards

Gavin Newsom
GOVERNOR

Yana Garcia
SECRETARY FOR
ENVIRONMENTAL PROTECTION

ਰਾਜ ਜਲ ਸਰੋਤ ਨਿਯੰਤਰਣ ਬੋਰਡ

# 20 ਫਰਵਰੀ, 2025, ਕੇਰਨ ਕਾਊਂਟੀ ਸਬਬੇਸਿਨ ਪ੍ਰੋਬੇਸ਼ਨਰੀ ਸੁਣਵਾਈ ਏਜੰਡਾ

ਕੈਲੀਫੋਰਨੀਆ ਰਾਜ ਜਲ ਸਰੋਤ ਨਿਯੰਤਰਣ ਬੋਰਡ (ਰਾਜ ਜਲ ਬੋਰਡ ਜਾਂ ਬੋਰਡ) 20 ਫਰਵਰੀ, 2025 ਨੂੰ ਇੱਕ ਜਨਤਕ ਸੁਣਵਾਈ ਕਰੇਗਾ, ਜਿਸ ਵਿੱਚ ਇਹ ਵਿਚਾਰ ਕੀਤਾ ਜਾਵੇਗਾ ਕਿ ਕੀ ਦੀਰਘਕਾਲਕ ਧਰਤੀ ਹੇਠਲੇ ਪਾਣੀ ਪ੍ਰਬੰਧਨ ਐਕਟ (SGMA) ਦੇ ਅਨੁਸਾਰ ਕੇਰਨ ਕਾਊਂਟੀ ਸਬਬੇਸਿਨ ਨੂੰ ਪ੍ਰੋਬੇਸ਼ਨਰੀ ਬੇਸਿਨ ਵਜੋਂ ਨਾਮਜ਼ਦ ਕੀਤਾ ਜਾਵੇ। ਸੁਣਵਾਈ ਲਈ ਪਾਰਕਿੰਗ ਅਤੇ ਪਹੁੰਚਯੋਗਤਾ ਬਾਰੇ ਜਾਣਕਾਰੀ ਲਈ ਕੇਰਨ ਕਾਊਂਟੀ ਸਬਬੇਸਿਨ ਪ੍ਰੋਬੇਸ਼ਨਰੀ ਸੁਣਵਾਈ ਨੋਟਿਸ ਦੇਖੋ।

ਇਸ ਪ੍ਰੋਬੇਸ਼ਨਰੀ ਸੁਣਵਾਈ ਨੂੰ 20 ਫਰਵਰੀ, 2025 ਦੀ ਬੋਰਡ ਮੀਟਿੰਗ ਦੇ ਏਜੰਡੇ ਵਿੱਚ ਇੱਕ ਆਈਟਮ ਵਜੋਂ ਸ਼ਾਮਲ ਕੀਤਾ ਜਾਵੇਗਾ। ਸੁਣਵਾਈ ਲਈ ਸਮਾਗਮਾਂ ਦਾ ਅਨੁਮਾਨਿਤ ਕ੍ਰਮ ਹੇਠਾਂ ਵਰਣਨ ਕੀਤਾ ਗਿਆ ਹੈ। ਸੁਣਵਾਈ ਸਵੇਰੇ 9:00 ਵਜੇ ਸ਼ੁਰੂ ਹੋ ਸਕਦੀ ਹੈ, ਪਰ ਇਸ ਤੋਂ ਪਹਿਲਾਂ ਨਹੀਂ। ਸਮਾਂ ਸੀਮਾਵਾਂ, ਬਰੇਕ, ਪੈਨਲ, ਅਤੇ ਸਮਾਗਮਾਂ ਦਾ ਕ੍ਰਮ ਬੋਰਡ ਚੇਅਰ ਦੀ ਮਰਜ਼ੀ ਅਨੁਸਾਰ ਬਦਲ ਸਕਦਾ ਹੈ। ਬੋਰਡ ਦੇ ਸਵਾਲ ਅਤੇ ਵਿਚਾਰ ਵਟਾਂਦਰੇ ਸਮਾਗਮ ਦੇ ਸ਼ੁਰੂਆਤੀ ਸਮੇਂ ਤੋਂ ਆਖਰੀ ਸਮੇਂ ਤੱਕ ਹੋ ਸਕਦੇ ਹਨ।

## ਸੁਣਵਾਈ ਏਜੰਡਾ

1. ਚੁਣੇ ਹੋਏ ਅਧਿਕਾਰੀਆਂ ਜਾਂ ਕੈਲੀਫੋਰਨੀਆ ਮੂਲ ਅਮਰੀਕੀ ਕਬੀਲਿਆਂ ਦੁਆਰਾ ਜਨਤਕ ਟਿੱਪਣੀਆਂ
2. ਰਾਜ ਜਲ ਬੋਰਡ ਦੇ ਸਟਾਫ ਦੀਆਂ ਸਿਫਾਰਸ਼ਾਂ ਦੀ ਪੇਸ਼ਕਾਰੀ
3. ਕੇਰਨ ਕਾਊਂਟੀ ਸਬਬੇਸਿਨ ਧਰਤੀ ਹੇਠਲਾ ਪਾਣੀ ਸਥਿਰਤਾ ਏਜੰਸੀਆਂ (GSA) ਦੁਆਰਾ ਪੈਨਲ ਪੇਸ਼ਕਾਰੀ

*ਬਰੇਕ*

4. ਕੇਰਨ ਕਾਊਂਟੀ ਸਬਬੇਸਿਨ ਲਈ ਵਿਸ਼ੇਸ਼ ਹੋਰ ਪੈਨਲ ("ਭਾਗ ਕਿਵੇਂ ਲੈਣਾ ਹੈ" ਹੇਠਾਂ ਦੇਖੋ)
5. ਆਮ ਜਨਤਕ ਟਿੱਪਣੀ (ਪੈਨਲਾਂ ਦੀ ਗਿਣਤੀ ਦੇ ਅਧਾਰ 'ਤੇ ਪੈਨਲਾਂ ਨੂੰ ਕ੍ਰਮਵਾਰ ਕੀਤਾ ਸਕਦਾ ਹੈ)
6. ਪ੍ਰੋਬੇਸ਼ਨਰੀ ਵਜੋਂ ਘੋਸ਼ਿਤ ਕਰਨ ਸੰਬੰਧੀ ਬੋਰਡ ਦੇ ਵਿਚਾਰ ਵਟਾਂਦਰੇ ਅਤੇ ਸੰਭਾਵਿਤ ਵੋਟ

## ਭਾਗ ਕਿਵੇਂ ਲੈਣਾ ਹੈ

ਰਾਜ ਜਲ ਬੋਰਡ ਹੇਠਾਂ ਦੱਸੇ ਸਮੇਂ ਅਤੇ ਸਥਾਨ 'ਤੇ ਜਨਤਕ ਪ੍ਰੋਬੇਸ਼ਨਰੀ ਸੁਣਵਾਈ ਕਰੇਗਾ। ਜੇਕਰ ਤੁਸੀਂ ਦੂਰ-ਦੁਰਾਡੇ ਬੈਠੇ ਹੋ ਤਾਂ ਵੀ ਇਸ ਵਿੱਚ ਭਾਗ ਲੈਣ ਦੇ ਵਿਕਲਪ ਹਨ। ਜੇ ਤੁਸੀਂ ਦੂਰ-ਦੁਰਾਡੇ ਬੈਠੇ ਕੇ ਭਾਗ ਲੈ ਰਹੇ ਹੋ ਅਤੇ ਕੋਈ ਜਨਤਕ ਟਿੱਪਣੀ ਕਰਨਾ ਚਾਹੁੰਦੇ ਹੋ ਜਾਂ ਪੈਨਲ ਪੇਸ਼ਕਾਰੀ ਦਾ ਹਿੱਸਾ ਹੋ, ਤਾਂ ਹੇਠਾਂ ਦਿੱਤੀਆਂ ਹਦਾਇਤਾਂ ਦੇਖੋ। ਜੇ ਤੁਸੀਂ ਬੋਲਣਾ ਨਹੀਂ ਚਾਹੁੰਦੇ, ਤਾਂ ਕਲੋਜ਼ਡ ਕੈਪਸ਼ਨਿੰਗ ਦੇ ਨਾਲ ਜਨਤਕ ਸੁਣਵਾਈ ਦੇ ਅੰਗਰੇਜ਼ੀ, ਸਪੈਨਿਸ਼ ਅਤੇ ਪੰਜਾਬੀ ਵੈੱਬਕਾਸਟ ਨੂੰ video.calepa.ca.gov 'ਤੇ ਦੇਖਿਆ ਜਾ ਸਕਦਾ ਹੈ।

<u>**ਜਨਤਕ ਬੋਰਡ ਸੁਣਵਾਈ**</u>

**ਵੀਰਵਾਰ, 20 ਫਰਵਰੀ, 2025, ਸਵੇਰੇ 9:00 ਵਜੇ**

<u>ਵਿਅਕਤੀਗਤ ਤੌਰ 'ਤੇ ਭਾਗ ਲੈਣ ਲਈ ਸਥਾਨ</u>

Coastal Hearing Room
Joe Serna Jr. CalEPA Headquarters Building
1001 I Street, Second Floor
Sacramento, CA 95814

ਸਪੈਨਿਸ਼ ਅਤੇ ਪੰਜਾਬੀ ਵਿਆਖਿਆ ਪ੍ਰਦਾਨ ਕੀਤੀ ਜਾਵੇਗੀ। ਸਪੈਨਿਸ਼ ਜਾਂ ਪੰਜਾਬੀ ਤੋਂ ਇਲਾਵਾ ਹੋਰ ਭਾਸ਼ਾ ਸੇਵਾਵਾਂ ਵਾਸਤੇ, ਕਿਰਪਾ ਕਰਕੇ 916.322-6508 ਜਾਂ OPP-LanguageServices@waterboards.ca.gov 'ਤੇ ਸੰਪਰਕ ਕਰੋ।

**ਜਨਤਕ ਟਿੱਪਣੀਆਂ।** ਜਨਤਾ ਦੇ ਮੈਂਬਰ 13 ਫਰਵਰੀ, 2025 ਦਿਨ ਵੀਰਵਾਰ, ਨੂੰ ਦੁਪਹਿਰ 12:00 ਵਜੇ ਤੋਂ ਪਹਿਲਾਂ ਦੀਰਘਕਾਲਕ ਧਰਤੀ ਹੇਠਲੇ ਪਾਣੀ ਪ੍ਰਬੰਧਨ ਦੇ ਦਫਤਰ ਨਾਲ SGMA-Kern@waterboards.ca.gov **'ਤੇ ਸੰਪਰਕ ਕਰਕੇ ਜਨਤਕ ਪ੍ਰੋਬੇਸ਼ਨਰੀ ਸੁਣਵਾਈ ਤੋਂ ਪਹਿਲਾਂ ਲਿਖਤੀ ਟਿੱਪਣੀਆਂ ਜਮ੍ਹਾਂ ਕਰ ਸਕਦੇ ਹਨ। ਕਿਰਪਾ ਕਰਕੇ ਇਸ ਵਿਸ਼ਾ ਲਾਈਨ ਦੀ ਵਰਤੋਂ ਕਰੋ: "ਟਿੱਪਣੀਆਂ - ਕੇਰਨ ਕਾਊਂਟੀ ਸਬਬੇਸਿਨ।**

ਜਨਤਕ ਮੈਂਬਰਾਂ ਨੂੰ ਪ੍ਰੋਬੇਸ਼ਨਰੀ ਸੁਣਵਾਈ ਵਿੱਚ ਜ਼ੁਬਾਨੀ ਟਿੱਪਣੀਆਂ ਕਰਨ ਦਾ ਮੌਕਾ ਵੀ ਮਿਲੇਗਾ। ਇੱਕ ਉਪਯੋਗੀ, ਕੁਸ਼ਲ ਅਤੇ ਨਿਰਪੱਖ ਸੁਣਵਾਈ ਨੂੰ ਯਕੀਨੀ ਬਣਾਉਣ ਲਈ, ਜਿਸ ਵਿੱਚ ਸਾਰੇ ਭਾਗੀਦਾਰਾਂ ਨੂੰ ਸੁਣਨ ਦਾ ਮੌਕਾ ਹੋਵੇ, ਮੌਖਿਕ ਟਿੱਪਣੀਆਂ ਪ੍ਰਤੀ ਸਪੀਕਰ ਪੰਜ ਮਿੰਟਾਂ ਤੱਕ ਸੀਮਤ ਹੋਣਗੀਆਂ ਜਦ ਤੱਕ ਕਿ ਹੋਰ ਨਿਰਦੇਸ਼ ਨਹੀਂ ਦਿੱਤੇ ਜਾਂਦੇ। ਜੇ ਟਿੱਪਣੀਆਂ ਕਰਨ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ, ਤਾਂ ਬੁਲਾਰਿਆਂ ਨੂੰ ਆਪਣੀਆਂ ਟਿੱਪਣੀਆਂ ਨੂੰ ਛੋਟਾ ਕਰਨ ਲਈ ਕਿਹਾ ਜਾ ਸਕਦਾ ਹੈ ਤਾਂ ਜੋ ਹੋਰ ਬੁਲਾਰਿਆਂ ਨੂੰ ਮੌਕਾ ਦਿੱਤਾ ਜਾ ਸਕੇ।

<u>ਦੂਰ-ਦੁਰਾਡੇ ਬੈਠ ਕੇ ਜਾਂ ਵਿਅਕਤੀਗਤ ਤੌਰ 'ਤੇ ਮੌਖਿਕ ਟਿੱਪਣੀ ਪ੍ਰਦਾਨ ਕਰਨ ਲਈ</u>: ਜਨਤਕ ਬੋਰਡ ਦੀ ਸੁਣਵਾਈ ਤੋਂ ਪਹਿਲਾਂ ਜਾਂ ਉਸ ਦਿਨ, bit.ly/speaker-card-form 'ਤੇ ਸਾਡੇ ਆਨਲਾਈਨ ਫਾਰਮ ਭਰੋ। ਕਿਰਪਾ ਕਰਕੇ ਨੋਟ ਕਰੋ ਕਿ ਫਾਰਮ 12 ਫਰਵਰੀ, 2025 ਨੂੰ ਸਵੇਰੇ 8:00 ਵਜੇ ਤੋਂ ਬਾਅਦ ਜਵਾਬ ਸਵੀਕਾਰ ਨਹੀਂ ਕਰੇਗਾ। ਬੋਰਡ ਕਲਰਕ ਤੁਹਾਨੂੰ ਮੀਟਿੰਗ ਤੋਂ ਪਹਿਲਾਂ ਜ਼ੂਮ ਲੌਗਇਨ ਜਾਣਕਾਰੀ ਪ੍ਰਦਾਨ ਕਰੇਗਾ। ਦੂਰ-ਦੁਰਾਡੇ ਬੈਠ ਕੇ ਭਾਗ ਲੈਣ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਇੱਥੇ ਵੇਖੋ bit.ly/providingcomments

**ਪੈਨਲ।** ਰਾਜ ਜਲ ਬੋਰਡ ਉਨ੍ਹਾਂ ਸਮੂਹਾਂ ਦੀਆਂ ਬੇਨਤੀਆਂ 'ਤੇ ਵਿਚਾਰ ਕਰੇਗਾ ਜੋ ਵਿਅਕਤੀਗਤ ਜਨਤਕ ਟਿੱਪਣੀਆਂ ਦੀ ਬਜਾਏ ਪੈਨਲ ਪੇਸ਼ਕਾਰੀ ਪ੍ਰਦਾਨ ਕਰਨਾ ਚਾਹੁੰਦੇ ਹਨ। ਪੈਨਲ ਪੇਸ਼ਕਾਰੀਆਂ ਲਾਜ਼ਮੀ ਤੌਰ 'ਤੇ ਸੰਭਾਵਿਤ ਪ੍ਰੋਬੇਸ਼ਨਰੀ ਨਾਮਜ਼ਦਗੀ ਜਾਂ ਕੇਰਨ ਕਾਊਂਟੀ ਸਬਬੇਸਿਨ ਵਿੱਚ ਧਰਤੀ ਹੇਠਲੇ ਪਾਣੀ ਦੇ ਪ੍ਰਬੰਧਨ ਨਾਲ ਸੰਬੰਧਿਤ ਹੋਣੀਆਂ ਚਾਹੀਦੀਆਂ ਹਨ। ਪੈਨਲ ਪੇਸ਼ਕਾਰੀਆਂ 20 ਮਿੰਟਾਂ ਤੱਕ ਸੀਮਿਤ ਹੋਣਗੀਆਂ ਜਦ ਤੱਕ ਕਿ ਹੋਰ ਨਿਰਦੇਸ਼ ਨਹੀਂ ਦਿੱਤੇ ਜਾਂਦੇ। ਪੈਨਲਾਂ ਦਾ ਉਦੇਸ਼ ਸਮੂਹਾਂ ਜਾਂ ਸੰਗਠਨਾਂ ਨੂੰ ਤਕਨੀਕੀ ਵੇਰਵਿਆਂ ਅਤੇ ਸਾਂਝੀ ਮੁਹਾਰਤ ਸਮੇਤ ਸਮੂਹਿਕ ਅਤੇ ਕੁਸ਼ਲਤਾ ਨਾਲ ਜਾਣਕਾਰੀ ਪੇਸ਼ ਕਰਨ ਦਾ ਵਿਕਲਪ ਪ੍ਰਦਾਨ ਕਰਨਾ ਹੈ। ਸੁਣਵਾਈ ਦੌਰਾਨ ਪੈਨਲ ਦੀ ਬੇਨਤੀ ਕਿਵੇਂ ਕਰਨੀ ਹੈ ਇਸ ਬਾਰੇ ਹੇਠਾਂ ਦੇਖੋ।

ਪੈਨਲ ਦੀ ਬੇਨਤੀ ਕਰਨ ਲਈ: ਕਿਰਪਾ ਕਰਕੇ ਇੱਥੇ ਉਪਲਬਧ ਪੈਨਲ ਬੇਨਤੀ ਫਾਰਮ ਨੂੰ ਭਰੋ: ਪੈਨਲ ਬੇਨਤੀ ਫਾਰਮ ਜਿੰਨੀ ਜਲਦੀ ਹੋ ਸਕੇ ਇਸਨੂੰ ਭਰੋ, ਪਰ **23 ਜਨਵਰੀ, 2025 ਤੋਂ ਬਾਅਦ ਨਹੀਂ**। ਕਿਰਪਾ ਕਰਕੇ ਹੇਠ ਲਿਖੀ ਜਾਣਕਾਰੀ ਜਮ੍ਹਾਂ ਕਰੋ:

1. ਪ੍ਰਸਤਾਵਿਤ ਪੈਨਲ ਦਾ ਵਿਸ਼ਾ
2. ਪੈਨਲ ਲਈ ਮੁੱਢਲਾ ਸੰਪਰਕ
3. ਹਰੇਕ ਪੇਸ਼ਕਾਰ ਦਾ ਨਾਮ
4. ਉਹ ਇਕਾਈ ਜਾਂ ਸੰਸਥਾਵਾਂ ਜਿਨ੍ਹਾਂ ਦੀ ਨੁਮਾਇੰਦਗੀ ਕੀਤੀ ਜਾ ਰਹੀ ਹੈ
5. ਕੀ ਪੈਨਲ ਇੱਕ ਜਾਂ ਵਧੇਰੇ ਪਾਵਰਪੁਆਇੰਟ ਪੇਸ਼ਕਾਰੀਆਂ ਦੀ ਵਰਤੋਂ ਕਰਨ ਦਾ ਇਰਾਦਾ ਰੱਖਦਾ ਹੈ
6. ਹਰੇਕ ਪੇਸ਼ਕਾਰ ਵਾਸਤੇ ਇੱਕ ਈਮੇਲ ਪਤਾ ਅਤੇ ਫ਼ੋਨ ਨੰਬਰ
7. ਨਿਰਧਾਰਨ ਕਿ ਕੀ ਕੋਈ ਪੇਸ਼ਕਾਰ ਪੈਨਲ ਵਿੱਚ ਵਰਚੁਅਲ ਤੌਰ 'ਤੇ ਭਾਗ ਲੈਣ ਦਾ ਇਰਾਦਾ ਰੱਖਦਾ ਹੈ ਜਾਂ ਵਿਅਕਤੀਗਤ ਤੌਰ 'ਤੇ
8. ਪੈਨਲ ਪੇਸ਼ਕਾਰੀ ਲਈ ਬੇਨਤੀ ਕੀਤਾ ਸਮਾਂ (ਪੈਨਲ ਕੁੱਲ 20 ਮਿੰਟਾਂ ਤੱਕ ਦੀ ਬੇਨਤੀ ਕਰ ਸਕਦੇ ਹਨ)।

ਹਰੇਕ ਪ੍ਰਸਤਾਵਿਤ ਪੈਨਲ ਪੇਸ਼ਕਾਰੀ ਲਈ ਸਿਰਫ ਇੱਕ ਫਾਰਮ ਜਮ੍ਹਾਂ ਕਰਨ ਦੀ ਲੋੜ ਹੈ।

ਸਟਾਫ ਪੈਨਲ ਲਈ ਮੁੱਢਲੇ ਸੰਪਰਕ 'ਤੇ ਸੰਪਰਕ ਕਰੇਗਾ ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਕੀ ਪ੍ਰਸਤਾਵਿਤ ਪੈਨਲ ਨੂੰ ਮਨਜ਼ੂਰੀ ਦਿੱਤੀ ਗਈ ਹੈ ਅਤੇ ਪੈਨਲ ਲਈ ਨਿਰਧਾਰਤ ਸਮੇਂ ਦੀ ਮਿਆਦ ਕਿੰਨੀ ਹੈ। ਪੇਸ਼ਕਾਰੀ ਵਾਸਤੇ ਸਮੇਂ ਦੀ ਮਿਆਦ, ਰਾਜ ਜਲ ਬੋਰਡ ਦੀ ਮਰਜ਼ੀ ਅਨੁਸਾਰ ਹੋਵੇਗੀ।

ਪੈਨਲ ਸਲਾਈਡਾਂ: ਜੇ ਕੋਈ ਪੈਨਲ ਪਾਵਰਪੁਆਇੰਟ ਪੇਸ਼ਕਾਰੀ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਿਹਾ ਹੈ, ਤਾਂ ਉਸ ਪਾਵਰਪੁਆਇੰਟ ਪੇਸ਼ਕਾਰੀ ਨੂੰ 29 ਜਨਵਰੀ, 2025 ਨੂੰ ਦੁਪਹਿਰ 12:00 ਵਜੇ ਤੋਂ ਪਹਿਲਾਂ sgma@waterboards.ca.gov **ਨੂੰ ਜਮ੍ਹਾਂ ਕਰਨਾ ਲਾਜ਼ਮੀ ਹੈ।** ਇਸ ਨਾਲ ਰਾਜ ਜਲ ਬੋਰਡ ਨੂੰ ਸੁਣਵਾਈ ਤੋਂ ਪਹਿਲਾਂ ਪੇਸ਼ਕਾਰੀ ਦਾ ਸਪੈਨਿਸ਼ ਅਤੇ ਪੰਜਾਬੀ ਵਿੱਚ ਅਨੁਵਾਦ ਕਰਨ ਦਾ ਸਮਾਂ ਮਿਲੇਗਾ। ਪੇਸ਼ਕਾਰੀਆਂ ਲਾਜ਼ਮੀ ਤੌਰ 'ਤੇ ਪਾਵਰਪੁਆਇੰਟ ਫਾਰਮੈਟ ਵਿੱਚ ਹੋਣੀਆਂ ਚਾਹੀਦੀਆਂ ਹਨ ਅਤੇ ਇਸ ਵਿੱਚ ਕੋਈ ਐਨੀਮੇਸ਼ਨ, ਤਬਦੀਲੀਆਂ, ਜਾਂ ਬਾਹਰੀ ਮੀਡੀਆ ਸਰੋਤ ਸ਼ਾਮਲ ਨਹੀਂ ਹੋਣੇ ਚਾਹੀਦੇ। ਅਨੁਵਾਦ ਨੂੰ ਸਮਰੱਥ ਕਰਨ ਲਈ ਸਲਾਈਡਾਂ ਪੂਰੀ ਤਰ੍ਹਾਂ ਸੰਪਾਦਨਯੋਗ ਹੋਣੀਆਂ ਚਾਹੀਦੀਆਂ ਹਨ। ਜੇ ਕੋਈ ਪੈਨਲ ਇਸ ਸਮਾਂ ਸੀਮਾ ਤੱਕ ਆਪਣੀ ਪ੍ਰਸਤਾਵਿਤ ਪਾਵਰਪੁਆਇੰਟ ਪੇਸ਼ਕਾਰੀ ਪੇਸ਼ ਨਹੀਂ ਕਰਦਾ, ਤਾਂ ਹੋ ਸਕਦਾ ਹੈ ਕਿ ਇਸ ਨੂੰ ਸੁਣਵਾਈ ਦੌਰਾਨ ਪੇਸ਼ ਨਾ ਕੀਤਾ ਜਾਵੇ।

## ਅੰਤਿਮ ਮਿਤੀਆਂ ਅਤੇ ਮੁੱਖ ਮਿਤੀਆਂ ਦਾ ਸੰਖੇਪ

| ਅੰਤਿਮ ਮਿਤੀ/ਗਤੀਵਿਧੀ | ਮਿਤੀ |
|---|---|
| ਪੈਨਲ ਦੀ ਬੇਨਤੀ ਕਰਨ ਦੀ ਅੰਤਿਮ ਮਿਤੀ | 23 ਜਨਵਰੀ, 2025 |
| ਪੈਨਲ ਪਾਵਰਪੁਆਇੰਟ ਸਲਾਈਡਾਂ ਜਮ੍ਹਾਂ ਕਰਨ ਦੀ ਅੰਤਿਮ ਮਿਤੀ | 29 ਜਨਵਰੀ, 2025, ਦੁਪਹਿਰ 12:00 ਵਜੇ |
| ਵਿਅਕਤੀਗਤ ਤੌਰ 'ਤੇ ਜਾਂ ਵਰਚੁਅਲ ਤੌਰ 'ਤੇ bit.ly/speaker-card-form ਦੀ ਵਰਤੋਂ ਕਰਕੇ ਇੱਕ ਟਿੱਪਣੀ ਪ੍ਰਦਾਨ ਕਰਨ ਲਈ ਸਾਈਨ ਅੱਪ ਕਰੋ | ਫਾਰਮ 12 ਫਰਵਰੀ, 2025 ਨੂੰ ਖੁੱਲ੍ਹੇਗਾ; ਸੁਣਵਾਈ ਤੋਂ ਪਹਿਲਾਂ ਜਾਂ ਦੌਰਾਨ ਸਾਈਨ ਅੱਪ ਕਰ ਸਕਦੇ ਹੋ |
| ਲਿਖਤੀ ਟਿੱਪਣੀਆਂ ਜਮ੍ਹਾਂ ਕਰਨ ਦੀ ਅੰਤਿਮ ਮਿਤੀ | 13 ਫਰਵਰੀ, 2025, ਦੁਪਹਿਰ 12:00 ਵਜੇ |